# ਅਨੁਵਾਦਕਾਂ ਵੱਲੋਂ

ਜੈਨ ਧਰਮ ਦੀ ਸ਼ਵੇਤਾਂਵਰ ਮਾਨਤਾ ਅਨੁਸਾਰ ਵਰਤਮਾਨ ਸਮੇਂ ਵਿੱਚ 45 ਆਗਮ ਪ੍ਰਾਪਤ ਹੁੰਦੇ ਹਨ। ਜਿਹਨਾਂ ਵਿੱਚੋ 11 ਅੰਗ ਅਤੇ 12 ਉਪੰਗ ਪ੍ਰਮੁੱਖ ਹਨ, 12ਵਾਂ ਅੰਗ ਦ੍ਰਿਸ਼ਟੀਵਾਦ ਸੀ। ਜਿਸ ਦੇ ਵਿੱਚ 14 ਪੂਰਵਾਂ ਦਾ ਵਿਸ਼ਾਲ ਗਿਆਨ ਸੀ ਉਹ ਸਮਾਪਤ ਹੋ ਚੁੱਕਾ ਹੈ। ਵਰਤਮਾਨ ਆਗਮ 5ਵੀਂ ਵਾਚਨਾ ਦਾ ਸਿੱਟਾ ਹਨ। ਜੋ ਮਹਾਵੀਰ ਸਮੰਤ 980 ਨੂੰ ਗੁਜਰਾਤ ਦੇ ਬਲਵੀ ਸ਼ਹਿਰ ਵਿੱਚ ਆਚਾਰਿਆ ਦੇਵਾ ਅਰਧੀਗਣੀ ਦੀ ਪ੍ਰਮੁੱਖਤਾ ਵਿੱਚ ਹੋਈ ਸੀ। ਇਸ ਵਿੱਚ 500 ਦੇ ਕਰੀਬ ਜੈਨ ਆਚਾਰਿਆਂ ਨੇ ਭਾਗ ਲਿਆ ਅਤੇ ਸਾਰਾ ਯਾਦ ਸਾਹਿਤ ਤਾੜ ਪੱਤਰਾਂ ਤੇ ਲਿਖਿਆ ਵਰਤਮਾਨ ਸਮੇਂ ਵਿੱਚ ਇਹੋ ਸਾਹਿਤ ਉਪਲਬੱਧ ਹੈ। ਨੰਦੀ ਸੂਤਰ ਵਿੱਚ ਜੈਨ ਸਾਹਿਤ ਬਾਰੇ ਵਿਸ਼ਾਲ ਚਰਚਾ ਕੀਤੀ ਗਈ ਹੈ, ਉਸ ਅਨੁਸਾਰ ਅੱਜ ਕੱਲ ਇੱਕ ਵੀ ਜੈਨ ਆਗਮ ਉਪਲਬੱਧ ਨਹੀਂ ਹੈ।

ਹੱਥ ਦਾ ਆਗਮ ਉਪਾਂਗ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਵਿੱਚ ਪੰਜ ਉਪਾਂਗਾਂ ਦਾ ਸੰਗ੍ਰਹਿ ਕੀਤਾ ਗਿਆ ਹੈ। ਇਹ ਉਪਾਂਗ ਆਕਾਰ ਵਿੱਚ ਕਾਫੀ ਛੋਟੇ ਹਨ। ਪਰ ਇਤਿਹਾਸਕ, ਧਾਰਮਕ ਰਾਜਨੇਤਿਕ ਪੱਖੋਂ ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਅਤੇ ਸਭਿਅਤਾ ਦਾ ਚਿੱਤਰ ਪੇਸ਼ ਕਰਦੇ ਹਨ। ਇਹਨਾਂ ਪੰਜ ਉਪਾਂਗਾਂ ਦੇ ਨਾਂ ਤੇ ਵਿਸ਼ੇ ਵਸਤੂ ਹਰ ਉਪਾਂਗ ਦੇ ਸ਼ੁਰੂ ਵਿੱਚ ਦੇ ਦਿੱਤੀ ਗਈ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਅਨੁਵਾਦ ਨੂੰ ਸ਼ਰਲ ਅਤੇ ਵਿਦਵਾਨਾ ਦੇ ਯੋਗ ਬਣਾਇਆ ਜਾਵੇ।

ਇਸ ਅਨੁਵਾਦ ਕਰਨ ਵਿੱਚ ਅਸੀਂ ਬਹੁਤ ਸਾਰੇ ਵਿਦਵਾਨਾ, ਆਚਾਰਿਆ, ਸਾਧੂਆਂ ਅਤੇ ਸਾਧਵੀਆਂ ਦੀ ਮਦਦ ਲਈ ਹੈ। ਜਿੱਥੇ ਕੀਤੇ

ਸ਼ਪਸਟ ਕਰਨ ਦੀ ਜ਼ਰੂਰਤ ਪਈ ਹੈ ਉੱਥੇ ਅਸੀਂ ਜੈਨ ਆਚਾਰਿਆ ਆਤਮਾ ਰਾਮ ਜੀ ਮਹਾਰਾਜ ਦੁਆਰ ਅਨੁਵਾਦਿਤ ਨਿਰਯਾਵਲੀਕਾ ਸੂਤਰ ਦੀ ਮਦਦ ਲਈ ਹੈ। ਇਸ ਤੋਂ ਛੁਟ ਸ਼੍ਰੀ ਚੰਦਰ ਸ਼ੂਰੀ ਰਚਿਤ ਸੰਸਕ੍ਰਿਤ ਵਿਰਤੀ ਦੀ ਮਦਦ ਵੀ ਲਈ ਹੈ। ਅਸੀਂ ਇਹਨਾਂ ਗ੍ਰੰਥਾ ਦੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ ਜਿਹਨਾਂ ਸਾਨੂੰ ਪੰਜਾਬੀ ਅਨੁਵਾਦ ਵਿੱਚ ਸਮੱਗਰੀ ਉਪਲਬੱਧ ਕਰਵਾਈ ਹੈ।

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣੇ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ। ਅਸੀਂ ਅਨੁਵਾਦ ਅਤੇ ਪ੍ਰਕਾਸ਼ਨ ਸੰਬਧੀ ਗਲਤੀ ਲਈ ਵਿਦਵਾਨਾਂ ਤੋਂ ਖਿਮਾਯਾਚਕ ਹਾਂ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਜੈਨ ਆਗਮ ਅਨੁਸਾਰ ਹੀ ਮੂਲ ਪਾਠ ਨੂੰ ਛੋਹੰਦਾ ਹੋਵੇ।

## ਆਸ਼ਿਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ

ਆਸ਼ਿਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ਿਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ਿਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

## ਸਮਰਪਨ:

ਅਸੀਂ ਇਹ ਅਨੁਵਾਦ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਕਾ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ ਦੀ ਚੈਲੀ ਸ਼ਰਲ ਆਤਮਾ, ਮਹਾਨ ਤੱਪਸਵੀ ਸ਼੍ਰੀ ਸੁਧਾ ਜੀ ਮਹਾਰਾਜ ਦੇ ਕਰ ਕਮਲਾਂ ਵਿੱਚ ਸਮਰਪਿਤ ਕਰਦੇ ਹੋਏ ਬਹੁਤ ਹੀ ਖੁਸ਼ੀ ਮਹਿਸ਼ੂਸ ਕਰਦੇ ਹਾਂ। ਆਸ ਹੈ ਕਿ ਆਪ ਇਸ ਰਚਨਾ ਨੂੰ ਸਵਿਕਾਰ ਕਰੋਗੇ।

ਸ਼ੁਭ ਚਿੰਤਕ:

01/08/2007 — ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ — ਅਨੁਵਾਦਕ